ਊੜਾ.ਵਰਤੇ ਚਿੰਨ੍ਹ ਨਿਸ਼ਾਨ:- ਜਿਸ ਨਿਸ਼ਾਨੀ ਦਾ ਪਤਾ ਨ ਲੱਗੇ, ਉਸ ਨਿਸ਼ਾਨੀ ਨੂੰ ਕਲਿਕ ਕਰਕੇ, ਸ੍ਰੀ ਪੋਥੀ ਸਾਹਿਬ 'ਚੋਂ ਕੱਢ ਕੇ ਪੜ੍ਹਨ ਨਾਲ ਨਿਸ਼ਾ ਹੋ ਜਾਵੇਗੀ। ਕਈ ਕੋਟਿ; ਮਾਇਆ ਸੂਮ ਮਾਹਿ॥ ਸੂਮ ਪੂਰਾ ਬੋਲ ਕੇ ਮਾਹਿ ਕਹੋ, ਛੇਤੀ ਬੋਲਣ ਨਾਲ, ਇੱਕ ਮੰਮਾ ਰਹਿ ਜਾਂਦਾ ਹੈ, ਪਹਿਲੇ ਪਦ ਦੀ ਸੰਪੂਰਨਤਾ, ਅਗਲੇ ਪਦ ਦੇ ਅਰੰਭ ਦੇ ਅੱਖਰ, ਇੱਕੋ ਹੋਣ ਇੱਕ ਅੱਖਰ ਛੱਡਣਾ ਨਹੀਂ। (ਪਰਮ+ਗਤਿ) +ਜਮ੍ਹਾਂ ਨਿਸ਼ਾਨੀ.ਅਰਥ ਦੱਸਣ ਲਈ ਹੈ.(ਅ-ਧਰ) ਗੁਰਬਾਣੀ 'ਚ ਲਕੀਰ, ਉਚਾਰਨ ਦੱਸਣ ਲਈ ਹੈ। ਅਧਰ ਪਾਠ ਇਕੱਠਾ ਹੈ। ਤੁਕ ਸਮਾਪਤੀ ਤੋਂ ਬੰਦ ਬਰੈਕਟ) ਅਗਲੀ ਤੁਕ ਹੋਰ ਹੈ। { }ਬ੍ਰੈਕਟ'ਚ ਪ੍ਰੇਮ ਪ੍ਰਚਾਰ ਹੈ। ਅਰਥ ਗਿਣਤੀ ਲਈ ੧.੨.ਹੈ। ਤੁਕ ਸ਼ੁਰੂ'ਚ() ਬ੍ਰੈਕਟ'ਚ ਪਾਠ ਦੱਸੇ ਹਨ। ਬਿੰਦੀ ਜਾਂ ਅਧਕ ਲਾ ਕੇ ਬੋਲੋ ਦੱਸਿਆ ਹੈ, ਇਹ ਬੋਲਣ ਲਈ ਹੈ, ਗੁਰਬਾਣੀ'ਤੇ ਬਿੰਦੀ ਅੱਧਕ ਨਹੀਂ ਲਿਖਣੇ। ਤੁਕ ਸਾਹਮਣੇ() ਬ੍ਰੈਕਟ ਅੰਕ ਨਹੀਂ ਪੜ੍ਹਨੇ। ਤੁਕ ਸੰਪੂਰਨਤਾ'ਤੇ॥ ਦੋ ਹੱਦਾਂ ਹਨ। ਤੁਕ ਵਿਚਾਲੇ ਇਹ; ਅਰਧ ਵਿਸ਼ਰਾਮ ਹੈ। ਅਰਧ ਵਿਸ਼ਰਾਮ'ਤੇ ਠਹਿਰਨਾ ਹੈ। ਕੇਵਲ ਅਰਥ ਸਮਝਾਉਣ ਲਈ, ਕੌਮੇ ਦੀ ਵਰਤੋਂ ਕੀਤੀ ਹੈ, ਕੌਮੇ ਨੂੰ ਜਮਕੀ ਕਹਿੰਦੇ ਹਨ। ਕੌਮੇ'ਤੇ ਠਹਿਰਨਾ ਨਹੀਂ, ਅਰਥ ਸਮਝਣ ਲਈ ਹੈ। ਕੌਮੇ ਤੋਂ ਪਹਿਲੇ ਤੇ ਮਗਰਲੇ ਪਦ ਅੱਡ ਅੱਡ ਪੜ੍ਹਨੇ। ਬਿੰਦੀ.ਨਿਸ਼ਾਨੀ ਠਮਕੀ ਹੈ, ਉੱਥੇ ਠਹਿਰਨਾ ਨਹੀਂ, ਅਰਥ ਜਨਾਉਣ ਲਈ ਹੈ। () ਬਰੈਕਟ'ਚ, ਗੁਰਬਾਣੀ ਜੀ ਹਨ, ਸਾਹਮਣੇ ਅਰਥ ਹਨ, ਇੱਕ ਤੋਂ ਵੱਧ ਅਰਥਾਂ 'ਚ ਕੌਮੇ ਪਾਏ ਹਨ। ਅਰਥਾਂ 'ਚ ਮਹਿੰਗੇ ਪਦ ਹੇਠਾਂ ਲਕੀਰ.ਅੱਗੇ ਅਰਥ ਹਨ। ਗੁਰਬਾਨੀ ਪਦ 'ਤੇ ੧, ੨ ਪਾ ਕੇ, ਹੇਠਾਂ ੧, ੨ ਅਰਥ ਹਨ। ਇਨ੍ਹਾਂ- -ਨਿਸ਼ਾਨੀਆਂ 'ਚ, ਅੰਦਰਲੇ ਵੀਚਾਰ ਸੋਚਣੀ ਹੈ। ਜਿਵੇਂ(-ਅਫ਼ਸੋਸ ਲਾਹਣਤ ਹੈ, ਉੱਚਾ ਔਹੁਦਾ ਤਿਆਗ ਕੇ, ਦਾਸ ਨੇ ਪਰਾਇਆ ਘਰ ਤੱਕਿਆ ਹੈ, ਜਿਸ ਦੀਆਂ ਸਖ਼ਤ ਸਜ਼ਾਵਾਂ ਹਨ। -) ਅਰਥ ਮਗਰੋਂ, ਪੂਰਨ ਗੁਰੂ ਗੁਰਬਾਣੀ ਗੁਰੂ ਜੀ ਦੇ ਪਰਮਾਣ ਹਨ, ਮਾਨੋ ਇਹ ਪਰਮਪੂਜਨੀਕ ਧੰਨ ਵਾਹਿਗੁਰੂ ਸਾਹਿਬ, ਦਸਾਂ ਪਾਤਿਸਾਹਾਂ ਦੀ ਬਖ਼ਸ਼ੀ, ਗੁਰੂ ਜੀ ਦੀ ਮੋਹਰ ਭਾਵ ਗੁਰਬਾਣੀ ਦੇ ਅਰਥ, ਗੁਰਬਾਣੀ ਜੀ ਹੀ ਹਨ, ਗੁਰਤਾ ਬਿਰਾਜਮਾਨ ਗੁਰੂ ਜੀ.ਅਰਥ ਭੀ ਆਪ ਹੀ ਫ਼ੁਰਮਾਉਂਦੇ ਹਨ। ਜਿੱਥੇ ਇੱਕ ਅਰਥ ਪਿੱਛੋਂ ਦੂਜਾ ਅਰਥ ਹੋਵੇ, ਉੱਥੇ ਅਥਵਾ ਜਾਂ ਵਾ ਹੈ। ਪਿਛਲੇ ਸਮੇਂ 'ਚ ਬਚਨ ਕਰਦਿਆਂ, 'ਹੈ' 'ਹਨ' ਹਨ, " "ਪੁੱਠੇ ਸਿੱਧੇ ਕੌਮੇ ਹਨ। ਖ਼ੁਸ਼ੀ ਗ਼ਮੀ ਸੰਬੋਧਨ ਸਮੇਂ !ਵਿਸਮਕ ਹੈ। ਪ੍ਰਸ਼ਨ ਨਿਸ਼ਾਨੀ ?। ਤੁਕ ਸੰਪੂਰਨਤਾ। ਹੱਦ, ਕੌਮੇ ਦੀ ਵਰਤੋਂ ਭੀ ਹੈ। ਅੱਧੇ ਰਾਰੇ ਹੇਠਾਂ ਔਂਕੜ ਪੂਰੇ ਖ਼ਿਆਲ ਨਾਲ ਪੜ੍ਹੋ। ਵਾਰਤਿਕ 'ਚ ਅੱਖਰ ਸਾਹਮਣੇ ੨, ੩ ਆਉਣ, ਦੋ ਜਾਂ ਤਿੰਨ ਵਾਰ ਪੜ੍ਹਨਾ। ਵਾਹਿਗੁਰੂ ੨, ਵਾਹਿਗੁਰੂ ਵਾਹਿਗੁਰੂ ਪੜ੍ਹਨਾ। }